ਡਾਇਰੈਕਟੋਰੇਟ ਆਫ਼ ਸਪੋਰਟਸ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਿਤ)

**ਨੰ.SPL-1/TOW/DS**
**ਮਿਤੀ 09.11.2018**

ਪ੍ਰਿੰਸੀਪਲ ਸਾਹਿਬਾਨ
ਸਮੂਹ ਸੰਬੰਧਿਤ ਕਾਲਜਿਜ਼

ਵਿਸ਼ਾ: **ਅੰਤਰ ਕਾਲਜ ਟੱਗ ਆਫ਼ ਵਾਰ (ਪੁਰਸ਼ ਅਤੇ ਮਹਿਲਾ) ਮੁਕਾਬਲਿਆਂ ਸਬੰਧੀ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਹਵਾਲਾ ਪੱਤਰ ਨੰ. **SPL-1/TOW/DS** ਮਿਤੀ **06.11.2018 ਸਬੰਧੀ।**

**ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਅੰਤਰ ਕਾਲਜ ਟੱਗ ਆਫ਼ ਵਾਰ (ਪੁਰਸ਼ ਅਤੇ ਮਹਿਲਾ) ਮੁਕਾਬਲੇ ਪਹਿਲਾਂ ਨਿਸ਼ਚਿਤ ਮਿਤੀਆਂ ਭਾਵ ਮਿਤੀ 28 ਤੋਂ 30 ਨਵੰਬਰ, 2018 ਤੱਕ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਾ, ਜਖੇਪਲ ਵਿਖੇ ਹੇਠ ਲਿਖੇ ਅਨੁਸਾਰ ਨਿਰਧਾਰਤ ਵੇਟ ਕੈਟਾਗਰੀਆਂ ਵਿਚ ਆਯੋਜਿਤ ਕਰਵਾਏ ਜਾਣੇ ਹਨ।**

**ਵੇਟ ਕੈਟਾਗਰੀ :**

**640 ਕਿਲੋਗ੍ਰਾਮ (ਪੁਰਸ਼), 480 ਕਿਲੋਗ੍ਰਾਮ (ਮਹਿਲਾ) ਅਤੇ 560 ਕਿਲੋਗ੍ਰਾਮ (ਮਿਕਸ) 5+5 (ਪੁਰਸ਼ ਅਤੇ ਮਹਿਲਾ)**

**ਨੋਟ:**

- ਉਪਰੋਕਤ ਮੁਕਾਬਲਿਆਂ ਵਿਚ ਭਾਗ ਲੈਣ ਵਾਲੀਆਂ ਟੀਮਾਂ ਦਾ ਮਿਤੀ **28.11.2018** ਨੂੰ ਸਵੇਰੇ **08.30** ਵਜੇ ਤੱਕ **ਉਕਤ ਕਾਲਜ** ਵਿਖੇ ਰਿਪੋਰਟ ਕਰਨਾ ਲਾਜ਼ਮੀ ਹੋਵੇਗਾ ਤਾਂ ਜੋ ਉਹਨਾਂ ਦੇ Weigh-in ਸਮੇਂ ਸਿਰ ਕਰਵਾਏ ਜਾ ਸਕਣ।
- ਮੁਕਾਬਲਿਆਂ ਵਿਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਸਪੋਰਟਸ ਕਿੱਟ ਵਿਚ ਹੋਣਾ ਲਾਜ਼ਮੀ ਹੈ। ਟੀਮ ਨਾਲ ਖੇਡ ਦੇ ਇੰਚਾਰਜ਼, ਕਾਲਜ ਵੱਲੋਂ ਜਾਰੀ ਸ਼ਨਾਖਤੀ ਕਾਰਡ ਅਤੇ ਯੋਗਤਾ ਪ੍ਰੋਫਾਰਮਾ (ਪ੍ਰਿੰਸੀਪਲ ਦੇ ਹਸਤਾਖਰਾਂ ਸਹਿਤ) ਹੋਣਾ ਲਾਜ਼ਮੀ ਹੈ।
- ਯੋਗਤਾ ਪ੍ਰੋਫਾਰਮੇ ਵਿਚ ਖਿਡਾਰੀ ਦਾ ਨਾਮ, ਪਿਤਾ ਅਤੇ ਮਾਤਾ ਦਾ ਨਾ ਅੰਗਰੇਜ਼ੀ (Capital Letters) ਅਤੇ ਪੰਜਾਬੀ ਵਿਚ ਕੰਪਿਊਟਰ ਦੁਆਰਾ ਟਾਈਪ ਕੀਤਾ ਹੋਣਾ ਲਾਜ਼ਮੀ ਹੈ। ਪ੍ਰੋਫਾਰਮੇ ਵਿਚ ਖਿਡਾਰੀ ਦਾ ਰਜਿਸਟ੍ਰੇਸ਼ਨ ਨੰਬਰ ਲਿਖਣਾ ਲਾਜ਼ਮੀ ਹੈ। ਹੱਥ ਲਿਖਤ ਯੋਗਤਾ ਪ੍ਰੋਫਾਰਮੇ ਸਵੀਕਾਰ ਨਹੀਂ ਕੀਤੇ ਜਾਣਗੇ। **ਵੱਖ-ਵੱਖ ਵੇਟ ਕੈਟਾਗਰੀਆਂ ਲਈ ਵੱਖ-ਵੱਖ ਯੋਗਤਾ ਪ੍ਰੋਫਾਰਮੇ ਅਤੇ ਵੱਖ-ਵੱਖ ਰਜਿਸਟ੍ਰੇਸ਼ਨ ਫਾਰਮ ਭਰੇ ਜਾਣੇ ਲਾਜ਼ਮੀ ਹਨ।**
- ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਦਾ ਆਪਣੇ ਨਾਲ 10ਵੀਂ, 10+2 ਅਤੇ ਪਿਛਲੇ ਸਾਲ ਪਾਸ ਕੀਤੀ ਕਲਾਸ ਦੇ ਅਸਲ ਸਰਟੀਫਿਕੇਟਸ ਸਮੇਤ ਫੋਟੋਸਟੇਟ ਕਾਪੀਆਂ ਨਾਲ ਲਿਆਉਣੇ ਲਾਜ਼ਮੀ ਹਨ। ਬਿਨਾਂ ਅਸਲ ਸਰਟੀਫਿਕੇਟਸ ਅਤੇ ਤਸਦੀਕ ਕੀਤੀਆਂ ਫੋਟੋਸਟੇਟ ਕਾਪੀਆਂ ਤੋਂ ਖਿਡਾਰੀਆਂ ਨੂੰ ਮੁਕਾਬਲਿਆਂ ਵਿਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।
- **ਸੰਬੰਧਿਤ ਕਾਲਜਾਂ ਵੱਲੋਂ ਟੀਮਾਂ/ਖਿਡਾਰੀਆਂ ਦਾ ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੈ। ਫਾਰਮ ਤੇ ਖਿਡਾਰੀ ਅਤੇ ਸੰਬੰਧਿਤ ਪ੍ਰੋ./ਟੀਮ ਇੰਚਾਰਜ਼ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਗਈ ਹਰੇਕ ਫੋਟੋ ਵੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ। ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਤੋਂ ਬਿਨਾਂ ਖਿਡਾਰੀਆਂ ਨੂੰ ਟਰਾਇਲਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।**

ਕਿਰਪਾ ਕਰਕੇ ਉਪਰੋਕਤ ਸਬੰਧੀ ਜਾਣਕਾਰੀ ਆਪਣੇ ਕਾਲਜ ਦੇ ਖੇਡ ਇੰਚਾਰਜ਼ ਅਤੇ ਸੰਬੰਧਿਤ ਖਿਡਾਰੀਆਂ ਨੂੰ ਦੇਣ ਦੀ ਖੇਚਲ ਕਰਨੀ ਜੀ। ਵਧੇਰੇ ਜਾਣਕਾਰੀ ਲਈ ਵਿਭਾਗ ਦੇ ਸ਼੍ਰੀ ਪਰਮਜੀਤ ਸ਼ਰਮਾ, ਵੇਟ ਲਿਫਟਿੰਗ ਕੋਚ ਨੂੰ **95018-89700** ਤੇ ਸੰਪਰਕ ਕੀਤਾ ਜਾਵੇ ਜੀ।

**ਡਾਇਰੈਕਟਰ ਸਪੋਰਟਸ**